ਜਾਣਕਾਰੀ ਲਵੋ:

# ਸਿਹਤ ਨਾਲ ਸੰਬੰਧਿਤ ਐਮਰਜੰਸੀ ਲਈ 911 'ਤੇ ਕਾਲ ਕਰਨ ਸਮੇਂ ਤੁਸੀਂ ਕੀ ਉਮੀਦ ਕਰ ਸਕਦੇ ਹੋ

*ਟੈਂਪਰੇਰੀ ਅਤੇ ਫੌਰਨ ਵਰਕਰਾਂ ਲਈ*

## ਜੇ ਤੁਹਾਨੂੰ ਕੋਈ ਐਮਰਜੰਸੀ ਹੋਵੇ ਤਾਂ ਇਕਦਮ 911 'ਤੇ ਕਾਲ ਕਰੋ।

### 911 ਦੀ ਕਾਲ ਦੌਰਾਨ ਮਦਦ ਲੈਣ ਲਈ ਸਵਾਲਾਂ ਦੇ ਜੁਆਬ ਦਿਉ

- 911 ਦੀ ਕਾਲ ਲੈਣ ਵਾਲਾ ਪੁੱਛੇਗਾ: "911- ਪੁਲਿਸ, ਫਾਇਰ ਜਾਂ ਐਂਬੂਲੈਂਸ?" ਮੈਡੀਕਲ ਐਮਰਜੰਸੀ ਲਈ ਕਹੋ "ਐਂਬੂਲੈਂਸ"। ਤੁਹਾਡੀ ਕਾਲ ਐਂਬੂਲੈਂਸ ਡਿਸਪੈਚ ਵੱਲ ਭੇਜ ਦਿੱਤੀ ਜਾਵੇਗੀ। ਫੋਨ ਨਾ ਰੱਖੋ।
- 911 ਦੀ ਕਾਲ ਲੈਣ ਵਾਲਾ ਤੁਹਾਡੇ ਲਈ ਮਦਦ ਭੇਜਣ ਲਈ ਸਵਾਲ ਪੁੱਛੇਗਾ। ਜੇ ਤੁਹਾਨੂੰ ਦੁਭਾਸ਼ੀਏ ਦੀ ਲੋੜ ਹੋਵੇ, ਤਾਂ ਉਸ ਬੋਲੀ ਦਾ ਨਾਂ ਲਵੋ ਜੋ ਤੁਸੀਂ ਬੋਲਦੇ ਹੋ। ਤੁਹਾਡੀ ਕਾਲ ਇਕ ਦੁਭਾਸ਼ੀਏ ਵੱਲ ਭੇਜ ਦਿੱਤੀ ਜਾਵੇਗੀ। ਫੋਨ ਨਾ ਰੱਖੋ।

### 911 ਦੀ ਕਾਲ ਲੈਣ ਵਾਲੇ ਐਮਰਜੰਸੀ ਅਤੇ ਤੁਹਾਡੇ ਟਿਕਾਣੇ (ਲੋਕੇਸ਼ਨ) ਬਾਰੇ ਜਾਣਨ ਲਈ ਸਵਾਲ ਪੁੱਛਦੇ ਹਨ:

- ਮੈਡੀਕਲ ਐਮਰਜੰਸੀ ਕੀ ਹੈ?
- ਐਮਰਜੰਸੀ ਵਾਲੀ ਥਾਂ (ਸ਼ਹਿਰ, ਕਸਬਾ, ਸਟਰੀਟ ਦਾ ਨਾਂ, ਘਰ ਜਾਂ ਰਿਹਾਇਸ਼ ਦਾ ਨੰਬਰ) ਦਾ ਪਤਾ ਕੀ ਹੈ?
- ਤੁਹਾਡੀ ਥਾਂ ਕਿੱਥੇ ਹੈ (ਕੀ ਇਹ ਖੇਤਾਂ ਵਿੱਚ ਹੈ, ਕੈਬਿਨ ਵਿੱਚ ਹੈ, ਵਾੜੇ ਵਿੱਚ ਹੈ, ਬੰਕ-ਹਾਊਸ ਵਿੱਚ ਹੈ)?
- ਤੁਹਾਡਾ ਟੈਲੀਫੋਨ/ਸੈੱਲ ਫੋਨ ਨੰਬਰ ਕੀ ਹੈ?
- ਕੀ ਤੁਹਾਨੂੰ ਦੁਭਾਸ਼ੀਏ ਦੀ ਲੋੜ ਹੈ? ਜੇ ਹਾਂ, ਤਾਂ ਤੁਸੀਂ ਕਿਹੜੀ ਬੋਲੀ ਬੋਲਦੇ ਹੋ?

ਜੁਆਬ ਕਾਲ ਲੈਣ ਵਾਲੇ ਦੀ ਇਸ ਗੱਲ ਦਾ ਫੈਸਲਾ ਕਰਨ ਵਿੱਚ ਮਦਦ ਕਰਦੇ ਹਨ ਕਿ ਕਿਸ ਤਰ੍ਹਾਂ ਦੀ ਮਦਦ ਭੇਜੀ ਜਾਵੇ।

ਜਿੰਨਾ ਚਿਰ ਤੁਹਾਡੇ ਤੱਕ ਮਦਦ ਨਹੀਂ ਪਹੁੰਚ ਜਾਂਦੀ, ਉਨੀ ਦੇਰ ਤੱਕ ਕਾਲੇ ਲੈਣ ਵਾਲਿਆਂ ਦੀਆਂ ਹਿਦਾਇਤਾਂ ਦੀ ਪਾਲਣਾ ਕਰੋ।

### 911 ਦੀ ਕਾਲ ਤੋਂ ਬਾਅਦ, ਜੇ ਤੁਸੀਂ ਸੁਰੱਖਿਅਤ ਹੋਵੋ ਤਾਂ ਉੱਥੇ ਹੀ ਰਹੋ ਜਿੱਥੇ ਤੁਸੀਂ ਹੋ

- ਪੈਰਾਮੈਡਿਕਾਂ ਸਮੇਤ ਕੋਈ ਐਂਬੂਲੈਂਸ ਤੁਹਾਡੀ ਮਦਦ ਲਈ ਆ ਰਹੀ ਹੈ। ਜੇ ਇਹ ਸੁਰੱਖਿਅਤ ਹੋਵੇ ਤਾਂ ਆਪਣੀ ਥਾਂ ਨਾ ਛੱਡੋ।
- ਜੇ ਤੁਹਾਡੀ ਕਾਲ ਕਿਸੇ ਹੋਰ ਵਿਅਕਤੀ ਬਾਰੇ ਸੀ, ਤਾਂ ਜਦੋਂ ਪੈਰਾਮੈਡਿਕ ਉੱਥੇ ਪਹੁੰਚਣ ਤਾਂ ਉਨ੍ਹਾਂ ਨੂੰ ਮਿਲੋ ਅਤੇ ਉਸ ਵਿਅਕਤੀ ਤੱਕ ਲੈ ਕੇ ਜਾਵੋ।
- ਪੈਰਾਮੈਡਿਕ ਮੈਡੀਕਲ ਜਾਂਚ ਕਰਨਗੇ। ਹੋ ਸਕਦਾ ਹੈ ਕਿ ਉਹ ਕੋਈ ਇਲਾਜ ਕਰਨ ਅਤੇ ਫਿਰ ਮਰੀਜ਼ ਨੂੰ ਕਿਸੇ ਹਸਪਤਾਲ ਜਾਂ ਸਿਹਤ ਸੰਭਾਲ ਦੇਣ ਵਾਲੀ ਥਾਂ 'ਤੇ ਲੈ ਜਾਣ।

**ਜੇ ਮੈਡੀਕਲ ਐਮਰਜੰਸੀ ਕੰਮ ਵਾਲੀ ਥਾਂ 'ਤੇ ਵਾਪਰੇ, ਤਾਂ 911 ਕਾਲ ਕਰੋ ਅਤੇ ਹੇਠਾਂ ਦਿੱਤੀ ਜਾਣਕਾਰੀ ਦੀ ਵਰਤੋਂ ਕਰੋ:**

**ਪਤਾ:** ______________________

______________________

______________________

**ਚੌਰਾਹਾ:**

______________________

**ਅਤੇ** ______________________

**ਮੈਂ ਇਹ ਭਾਸ਼ਾ ਬੋਲਦਾ ਹਾਂ:**

______________________